BRITISH COLUMBIA HealthLinkBC

Punjabi – Number 51a
October 2024

# ਤਪਦਿਕ (ਟੀਬੀ)

# Tuberculosis (TB)

## ਤਪਦਿਕ (ਟੀਬੀ) ਕੀ ਹੈ?

ਟੀਬੀ ਇੱਕ ਕੀਟਾਣੂ (ਬੈਕਟੀਰੀਆ) ਕਾਰਨ ਹੋਣ ਵਾਲੀ ਇੱਕ ਗੰਭੀਰ ਬਿਮਾਰੀ ਹੈ ਜੋ ਹਵਾ ਰਾਹੀਂ ਫੈਲਦੀ ਹੈ।

ਟੀਬੀ ਆਮਤੌਰ ਤੇ ਫੇਫੜਿਆਂ ਨੂੰ ਪ੍ਰਭਾਵਿਤ ਕਰਦੀ ਹੈ, ਪਰ ਸਰੀਰ ਦੇ ਦੂਸਰੇ ਹਿੱਸਿਆਂ ਜਿਵੇਂ ਕਿ ਗਲੈਂਡਾਂ, ਹੱਡੀਆਂ, ਜੋੜਾਂ, ਗੁਰਦਿਆਂ, ਦਿਮਾਗ, ਅਤੇ ਜਣਨ ਅੰਗਾਂ, ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ।

ਟੀਬੀ ਠੀਕ ਹੋ ਸਕਦੀ ਹੈ। ਬ੍ਰਿਟਿਸ਼ ਕੋਲੰਬੀਆ ਵਿੱਚ, ਟੀਬੀ ਨੂੰ ਰੋਕਣ ਜਾਂ ਠੀਕ ਕਰਨ ਲਈ ਦਵਾਈਆਂ ਪ੍ਰੋਵਿੰਸ਼ੀਅਲ ਟੀਬੀ ਸੇਵਾਵਾਂ ਅਤੇ ਜਨਤਕ ਸਿਹਤ ਯੂਨਿਟਾਂ ਦੁਆਰਾ ਮੁਫ਼ਤ ਹਨ।

## ਇਹ ਕਿਵੇਂ ਫੈਲਦੀ ਹੈ?

ਟੀਬੀ  ਹਵਾ ਦੇ ਰਾਹੀਂ ਵਿਅਕਤੀ ਤੋਂ ਵਿਅਕਤੀ ਤੱਕ ਫੈਲਦੀ ਹੈ ਜਦੋਂ ਫੇਫੜਿਆਂ ਵਿੱਚ ਟੀਬੀ  ਦੇ ਨਾਲ ਬਿਮਾਰ ਕੋਈ ਵਿਅਕਤੀ ਖੰਘਦਾ, ਛਿੱਕਦਾ, ਗਾਉਂਦਾ ਜਾਂ ਗੱਲ ਕਰਦਾ ਹੈ। ਇੱਕ ਵਿਅਕਤੀ ਨੂੰ ਲਾਗ ਲੱਗਣ ਲਈ ਲੰਬੇ ਸਮੇਂ ਲਈ ਫੇਫੜਿਆਂ ਦੀ ਬਿਨਾਂ ਇਲਾਜ ਕੀਤੀ ਟੀਬੀ ਬਿਮਾਰੀ ਵਾਲੇ ਕਿਸੇ ਵਿਅਕਤੀ ਦੇ ਨਜ਼ਦੀਕੀ ਸੰਪਰਕ ਵਿੱਚ ਹੋਣ ਅਤੇ ਟੀਬੀ ਦੇ ਕੀਟਾਣੂਆਂ ਨੂੰ ਸਾਹ ਨਾਲ ਅੰਦਰ ਲੈਣ ਦੀ ਲੋੜ ਹੁੰਦੀ ਹੈ। ਟੀਬੀ ਬੈਕਟੀਰੀਆ ਦੇ ਨਾਲ ਵਿਗਾੜਗ੍ਰਸਤ ਹਰ ਵਿਅਕਤੀ ਟੀਬੀ ਬਿਮਾਰੀ ਦੇ ਨਾਲ ਬਿਮਾਰ ਨਹੀਂ ਹੋਏਗਾ।

## ਟੀਬੀ ਵਿਗਾੜ ਅਤੇ ਟੀਬੀ ਬਿਮਾਰੀ ਵਿੱਚ ਕੀ ਫਰਕ ਹੈ?

ਟੀਬੀ ਵਿਗਾੜ ਉਸ ਵੇਲੇ ਹੁੰਦਾ ਹੈ ਜਦੋਂ ਤੁਸੀਂ ਟੀਬੀ ਦੇ ਬੈਕਟੀਰੀਆ ਸਾਹ ਰਾਹੀਂ ਆਪਣੇ ਫੇਫੜਿਆਂ ਵਿੱਚ ਲੈ ਲੈਂਦੇ ਹੋ ਅਤੇ ਤੁਹਾਡੇ ਸਰੀਰ ਦੀਆਂ ਰੱਖਿਆਵਾਂ ਬੈਕਟੀਰੀਆ ਨੂੰ ਵੱਧਣ ਅਤੇ ਤੁਹਾਨੂੰ ਬਿਮਾਰ ਕਰਨ ਤੋਂ ਰੋਕਦੀਆਂ ਹਨ। ਟੀਬੀ ਨਾਲ ਵਿਗਾੜਗ੍ਰਸਤ ਵਿਅਕਤੀ ਬਿਮਾਰ ਮਹਿਸੂਸ ਨਹੀਂ ਕਰੇਗਾ, ਅਤੇ ਟੀਬੀ ਦੇ ਬੈਕਟੀਰੀਆ ਨੂੰ ਦੂਸਰਿਆਂ ਤੱਕ ਫੈਲਾ ਨਹੀਂ ਸਕਦਾ। ਇਸ ਨੂੰ "ਸੋਈ ਹੋਈ ਟੀਬੀ" ("sleeping TB") ਕਿਹਾ ਜਾਂਦਾ ਹੈ।

ਟੀਬੀ ਬਿਮਾਰੀ ਉਸ ਵੇਲੇ ਹੁੰਦੀ ਹੈ ਜਦੋਂ ਤੁਸੀਂ ਟੀਬੀ ਦੇ ਬੈਕਟੀਰੀਆ ਸਾਹ ਰਾਹੀਂ ਆਪਣੇ ਫੇਫੜਿਆਂ ਵਿੱਚ ਲੈ ਲੈਂਦੇ ਹੋ ਅਤੇ ਬੈਕਟੀਰੀਆ ਸੰਖਿਆ ਵਿੱਚ ਵੱਧਣ ਲਗਦੇ ਹਨ ਅਤੇ ਸੰਭਵ ਹੈ ਕਿ ਉਹ ਤੁਹਾਡੇ ਸਾਰੇ ਸਰੀਰ ਵਿੱਚ ਫੈਲ ਜਾਣ। ਤੁਸੀਂ ਬਿਮਾਰ ਮਹਿਸੂਸ ਕਰ ਸਕਦੇ ਹੋ ਜਾਂ ਨਹੀਂ, ਅਤੇ ਤੁਸੀਂ ਕਿਵੇਂ ਮਹਿਸੂਸ ਕਰਦੇ ਹੋ ਇਸ ਤੇ ਨਿਰਭਰ ਕਰਦਾ ਹੈ ਕਿ ਟੀਬੀ ਬੈਕਟੀਰੀਆ ਕਿਥੇ ਵੱਧ ਰਿਹਾ ਹੈ।  ਜਦੋਂ ਤੁਹਾਡੇ ਫੇਫੜਿਆਂ ਦੇ ਵਿੱਚ ਵੱਧਦੀ ਹੋਈ ਟੀਬੀ ਬਿਮਾਰੀ ਮੌਜੂਦ ਹੈ ਤਾਂ ਤੁਸੀਂ ਆਪਣੇ ਆਸੇ ਪਾਸੇ ਦੇ ਲੋਕਾਂ ਤੱਕ ਟੀਬੀ ਫੈਲਾ ਸਕਦੇ ਹੋ।

## ਟੀਬੀ ਵਿਗਾੜ ਦੇ ਟੀਬੀ ਬਿਮਾਰੀ ਬਣ ਜਾਣ ਦੇ ਕੀ ਸੰਜੋਗ ਹਨ?

ਜੇਕਰ ਤੁਸੀਂ ਸਿਹਤਮੰਦ ਹੋ ਅਤੇ ਤੁਹਾਨੂੰ ਟੀਬੀ ਦੀ ਲਾਗ ਹੈ, ਤਾਂ ਤੁਹਾਡੇ ਜੀਵਨ ਕਾਲ ਵਿੱਚ ਟੀਬੀ ਦੀ ਬਿਮਾਰੀ ਹੋਣ ਦੀ 5 ਤੋਂ 10% ਸੰਭਾਵਨਾ ਹੈ। ਹਾਲਾਂਕਿ, ਕੁਝ ਮੈਡੀਕਲ ਸਥਿਤੀਆਂ ਤੁਹਾਡੇ ਟੀਬੀ ਦੀ ਬਿਮਾਰੀ ਦੇ ਜੋਖਮ ਨੂੰ ਵਧਾ ਸਕਦੀਆਂ ਹਨ।

ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਜੇਕਰ ਤੁਹਾਨੂੰ HIV ਦੀ ਲਾਗ, ਗੰਭੀਰ ਗੁਰਦੇ ਦੀ ਬਿਮਾਰੀ, ਕੈਂਸਰ, ਡਾਇਬੀਟੀਜ਼ ਹੈ ਜਾਂ ਦਵਾਈ ਦੇ ਕਾਰਨ ਕਮਜ਼ੋਰ ਇਮਿਊਨ ਸਿਸਟਮ ਹੈ।

## ਬਿਮਾਰੀ ਦੇ ਕੀ ਲੱਛਣ ਹਨ?

ਫੇਫੜਿਆਂ ਦੀ ਟੀਬੀ ਬਿਮਾਰੀ ਦੇ ਲੱਛਣਾਂ ਵਿਚ ਸ਼ਾਮਲ ਹਨ 2 ਹਫਤਿਆਂ ਜਾਂ ਉਸ ਤੋਂ ਵੱਧ ਲਈ ਖੰਘ (ਸੁੱਕੀ ਜਾਂ ਗਿੱਲੀ), ਬਲਗਮ (ਸਪੁਟਮ), ਸੀਨੇ ਵਿੱਚ ਦਰਦ ਅਤੇ ਸਾਹ ਚੜ੍ਹਨਾ।  ਸਪੁਟਮ, ਉਹ ਲੇਸਦਾਰ ਪਦਾਰਥ ਜਾਂ ਬਲਗਮ ਹੈ ਜਿਸਨੂੰ ਤੁਸੀਂ ਆਪਣੇ ਫੇਫੜਿਆਂ ਦੇ ਅੰਦਰੋਂ ਖੰਘ ਕੇ ਕੱਢਦੇ ਹੋ।  ਤੁਹਾਨੂੰ ਬਿਨਾਂ ਕਾਰਨ ਭਾਰ ਵਿੱਚ ਕਮੀ, ਬੁਖਾਰ, ਰਾਤ ਨੂੰ ਪਸੀਨਾ ਆਉਣਾ, ਭੁੱਖ ਨਾ ਲਗਣਾ ਅਤੇ ਥਕਾਵਟ ਜਾਂ ਥਕੇਵਾਂ ਵੀ ਹੋ ਸਕਦਾ ਹੈ। ਜੇ ਇਸਨੇ ਤੁਹਾਡੇ ਸਰੀਰ ਦੇ ਦੂਸਰੇ ਹਿੱਸਿਆਂ ਨੂੰ ਪ੍ਰਭਾਵਿਤ ਕੀਤਾ ਹੈ, ਤਾਂ ਲੱਛਣ ਵੱਖਰੇ ਹੋ ਸਕਦੇ ਹਨ।

## ਮੇਰੀ ਜਾਂਚ ਕਿਵੇਂ ਕੀਤੀ ਜਾ ਸਕਦੀ ਹੈ?

ਜੇ ਤੁਹਾਨੂੰ ਟੀਬੀ ਦੀ ਬਿਮਾਰੀ ਦੇ ਲੱਛਣ ਹਨ ਜਾਂ ਤੁਹਾਨੂੰ ਟੀਬੀ ਦੀ ਲਾਗ ਹੈ ਜਾਂ ਨਹੀਂ ਤਾਂ ਜਾਂਚ ਲਈ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ

ਮਿਲੋ। ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਟੀਬੀ ਮੁਲਾਂਕਣ ਕਰੇਗਾ ਅਤੇ ਉਚਿਤ ਟੈਸਟਾਂ ਦਾ ਆਦੇਸ਼ ਦੇਵੇਗਾ। ਤੁਹਾਡੇ ਟੀਬੀ ਟੈਸਟ(ਟੈਸਟਾਂ) ਦੇ ਕਾਰਨ ਦੇ ਆਧਾਰ 'ਤੇ ਲਾਗਤ ਹੋ ਸਕਦੀ ਹੈ।

ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਟੀਬੀ ਵਿਗਾੜ ਲਈ ਜਾਂਚ ਕਰਨ ਟਿਯੁਬਰਕੁਲਿਨ (tuberculin) ਟੈਸਟ ਜਾਂ ਟੀਬੀ ਦਾ ਚਮੜੀ ਟੈਸਟ (TST) ਵਰਤਦਾ ਹੈ। ਇਹ ਟੈਸਟ ਤੁਹਾਨੂੰ ਦੱਸਦਾ ਹੈ ਜੇਕਰ ਤੁਹਾਡੇ ਸਰੀਰ ਨੇ ਟੀਬੀ ਬੈਕਟੀਰੀਆ ਪਹਿਲਾਂ "ਦੇਖਿਆ" ਹੈ। ਇਹ ਨਹੀਂ ਦੱਸਦਾ ਕਿ ਟੀਬੀ ਦੇ ਬੈਕਟੀਰੀਆ ਸੌਂ ਰਹੇ ਹਨ ਜਾਂ ਜਾਗ ਰਹੇ ਹਨ। ਟੀਬੀ ਚਮੜੀ ਦੀ ਜਾਂਚ ਬਾਰੇ ਹੋਰ ਜਾਣਕਾਰੀ ਲਈ, HealthLinkBC File #51d ਤਪਦਿਕ (ਟੀਬੀ) ਚਮੜੀ ਜਾਂਚ'ਤੇ ਜਾਓ।

TST ਦੇ ਨਤੀਜੇ, ਟੈਸਟ ਦਾ ਕਾਰਨ, ਅਤੇ ਤੁਹਾਡੀ ਆਮ ਸਿਹਤ ਇਹ ਦਰਸਾ ਸਕਦੀ ਹੈ ਕਿ ਕੀ ਤੁਹਾਨੂੰ ਹੋਰ TB ਟੈਸਟ ਦੀ ਲੋੜ ਹੈ। ਹੋਰ ਜਾਂਚਾਂ ਵਿੱਚ ਟੀਬੀ ਖੂਨ ਦੀ ਜਾਂਚ, ਛਾਤੀ ਦਾ ਐਕਸ-ਰੇ ਜਾਂ ਬਲਗਮ ਇਕੱਠਾ ਕਰਨਾ ਸ਼ਾਮਲ ਹੋ ਸਕਦਾ ਹੈ।

ਛਾਤੀ ਦਾ ਐਕਸ-ਰੇ ਅਤੇ ਬਲਗਮ ਦੇ ਨਮੂਨੇ ਆਮਤੌਰ ਤੇ ਟੀਬੀ ਬੀਮਾਰੀ ਵਾਸਤੇ ਟੈਸਟ ਕਰਨ ਲਈ ਵਰਤੇ ਜਾਂਦੇ ਹਨ। ਛਾਤੀ ਦਾ ਐਕਸ-ਰੇ ਤੁਹਾਡੇ ਫੇਫੜਿਆਂ ਦੀ ਤਸਵੀਰ ਹੁੰਦੀ ਹੈ ਜਿਸ ਦੀ ਪੜਤਾਲ ਤੁਹਾਡਾ ਡਾਕਟਰ ਇਹ ਦੇਖਣ ਲਈ ਕਰਦਾ ਹੈ ਜੇ ਟੀਬੀ ਦੇ ਬੈਕਟੀਰੀਆ ਤੁਹਾਡੇ ਫੇਫੜਿਆਂ ਵਿੱਚ ਵੱਧ ਰਹੇ ਹਨ। ਤੁਹਾਡਾ ਸਿਹਤ ਸੰਭਾਲ ਪ੍ਰਦਾਤਾ (ਬਲਗਮ ਜਾਂ ਖੰਘਣ ਕਰਕੇ ਤੁਹਾਡੇ ਫੇਫੜਿਆਂ ਵਿੱਚ ਡੂੰਘੇ ਪੈਦਾ ਹੋਣ ਵਾਲੇ ਲੇਸਦਾਰ ਪਦਾਰਥ) ਨੂੰ ਇਹ ਦੇਖਣ ਲਈ ਪ੍ਰਯੋਗਸ਼ਾਲਾ ਵਿੱਚ ਭੇਜਦਾ ਹੈ, ਕਿ ਕੀ ਟੀਬੀ ਦੇ ਬੈਕਟੀਰੀਆ ਮੌਜੂਦ ਹਨ। ਹੋਰ ਜਾਣਕਾਰੀ ਲਈ, HealthLinkBC File #51b ਤਪਦਿਕ (ਟੀਬੀ) ਜਾਂਚ ਲਈ ਬਲਗਮ ਇਕੱਠੀ ਕਰਨਾ ਦੇਖੋ।

## ਮੈਂ ਟੀਬੀ ਸਕਿਨ ਟੈਸਟ ਕਿੱਥੋਂ ਕਰਵਾ ਸਕਦਾ/ਦੀ ਹਾਂ?

TB ਸਕਿਨ ਟੈਸਟ (TST) ਕਰਵਾਉਣ ਦੇ ਤੁਹਾਡੇ ਕਾਰਨ ਦੇ ਆਧਾਰ 'ਤੇ, ਤੁਸੀਂ ਇਹ ਮੁਫ਼ਤ ਵਿੱਚ ਪ੍ਰਾਪਤ ਕਰ ਸਕਦੇ ਹੋ ਜਾਂ ਤੁਹਾਨੂੰ ਭੁਗਤਾਨ ਕਰਨਾ ਪੈ ਸਕਦਾ ਹੈ ਜੇਕਰ ਇਹ ਸਕੂਲ, ਕੰਮ ਜਾਂ ਵਲੰਟੀਅਰਿੰਗ ਲਈ ਹੈ। ਸੇਵਾ ਸਥਾਨ ਪੂਰੇ ਸੂਬੇ ਵਿੱਚ ਵੱਖੋ-ਵੱਖਰੇ ਹੁੰਦੇ ਹਨ। TSTs ਤੁਹਾਡੀ ਪਬਲਿਕ ਹੈਲਥ ਯੂਨਿਟ, ਟਰੈਵਲ ਹੈਲਥ ਕਲੀਨਿਕ, ਫਾਰਮੇਸੀ ਜਾਂ ਡਾਕਟਰ ਦੇ ਦਫ਼ਤਰ ਵਿੱਚ ਉਪਲਬਧ ਹੋ ਸਕਦੇ ਹਨ।

ਇਹ ਪਤਾ ਲਗਾਉਣ ਲਈ ਆਪਣੀ ਸਥਾਨਕ ਸਿਹਤ ਯੂਨਿਟ ਨਾਲ ਸੰਪਰਕ ਕਰੋ ਕਿ ਤੁਸੀਂ ਆਪਣੇ ਖੇਤਰ ਵਿੱਚ TST ਕਿੱਥੋਂ ਪ੍ਰਾਪਤ ਕਰ ਸਕਦੇ ਹੋ। ਆਪਣੀ ਸਥਾਨਕ ਸਿਹਤ ਯੂਨਿਟ ਦੀ ਸੰਪਰਕ ਜਾਣਕਾਰੀ ਲੱਭਣ ਲਈ HealthLink BC Find health services 'ਤੇ ਜਾਓ।

## ਇਲਾਜ ਕੀ ਹੈ?

ਤੁਸੀਂ ਟੀਬੀ ਦੀ ਲਾਗ ਅਤੇ ਟੀਬੀ ਦੀ ਬਿਮਾਰੀ ਦੋਵਾਂ ਦਾ ਇਲਾਜ ਕਰ ਸਕਦੇ ਹੋ। ਟੀਬੀ ਦੇ ਇਲਾਜ ਲਈ ਸਾਰੀਆਂ ਗੋਲੀਆਂ ਮੁਫਤ ਹਨ ਅਤੇ ਸੂਬਾਈ ਟੀਬੀ ਸੇਵਾਵਾਂ ਅਤੇ ਜਨਤਕ ਸਿਹਤ ਯੂਨਿਟਾਂ ਰਾਹੀਂ ਉਪਲਬਧ ਹਨ। ਜਦੋਂ ਤੁਸੀਂ ਦਵਾਈ ਲੈਂਦੇ ਹੋ ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਡੀ ਨੇੜਿਓਂ ਨਿਗਰਾਨੀ ਕਰੇਗਾ।

**ਟੀਬੀ ਲਾਗ ਦਾ ਇਲਾਜ:** ਟੀਬੀ ਲਾਗ ਦਾ ਇਲਾਜ "ਸੌਏ ਹੋਏ" ਟੀਬੀ ਬੈਕਟੀਰੀਆ ਨੂੰ "ਜਾਗਣ" ਅਤੇ ਤੁਹਾਨੂੰ ਬਿਮਾਰ ਕਰਨ ਤੋਂ ਰੋਕਣ ਵਿੱਚ ਮਦਦ ਕਰਦਾ ਹੈ। ਉਨ੍ਹਾਂ ਲੋਕਾਂ ਲਈ ਟੀਬੀ ਰੋਕਥਾਮ ਇਲਾਜ ਦਵਾਈਆਂ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ ਜਿਨ੍ਹਾਂ ਨੂੰ ਟੀਬੀ ਬਿਮਾਰੀ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ।

ਜੇਕਰ ਤੁਸੀਂ ਟੀਬੀ ਰੋਕਥਾਮ ਇਲਾਜ ਲੈਣਾ ਚਾਹੁੰਦੇ ਹੋ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ। ਇਹ ਮਹੱਤਵਪੂਰਨ ਹੈ ਕਿ ਉਹ ਟੀਬੀ ਲਾਗ ਦੀਆਂ ਦਵਾਈਆਂ ਸ਼ੁਰੂ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾਉਣ ਕਿ ਤੁਹਾਨੂੰ ਟੀਬੀ ਬਿਮਾਰੀ ਨਹੀਂ ਹੈ। ਹਰੇਕ ਗੋਲੀ ਦੇ ਮਾੜੇ ਪ੍ਰਭਾਵਾਂ ਨੂੰ ਸਮਝਣਾ ਅਤੇ ਇਹ ਜਾਣਨਾ ਵੀ ਮਹੱਤਵਪੂਰਨ ਹੈ ਕਿ ਤੁਹਾਨੂੰ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਕਦੋਂ ਕਾਲ ਕਰਨ ਦੀ ਲੋੜ ਹੈ।

**ਟੀਬੀ ਬਿਮਾਰੀ ਦਾ ਇਲਾਜ:** ਟੀਬੀ ਬਿਮਾਰੀ ਦਾ ਇਲਾਜ ਤੁਹਾਨੂੰ ਠੀਕ ਕਰਦਾ ਹੈ ਅਤੇ ਫੇਫੜਿਆਂ ਦੀ ਟੀਬੀ ਦੀ ਬਿਮਾਰੀ ਨੂੰ ਦੂਜੇ ਲੋਕਾਂ ਵਿੱਚ ਫੈਲਣ ਤੋਂ ਰੋਕਦਾ ਹੈ। ਗੋਲੀਆਂ ਦਾ ਸੁਮੇਲ 6 ਮਹੀਨੇ ਜਾਂ ਇਸ ਤੋਂ ਵੱਧ ਸਮੇਂ ਲਈ ਵਰਤਿਆ ਜਾਂਦਾ ਹੈ। ਨਿਰਦੇਸ਼ਿਤ ਕੀਤੇ ਅਨੁਸਾਰ, ਤੁਹਾਨੂੰ ਪ੍ਰਾਪਤ ਹੋਈਆਂ ਸਾਰੀਆਂ ਗੋਲੀਆਂ ਲੈਣਾ ਮਹੱਤਵਪੂਰਨ ਹੈ। ਟੀਬੀ ਇਲਾਜ ਵਿੱਚ ਲੰਬਾ ਸਮਾਂ ਲੱਗਦਾ ਹੈ ਕਿਉਂਕਿ ਟੀਬੀ ਦੇ ਬੈਕਟੀਰੀਆ ਤਾਕਤਵਰ ਹੁੰਦੇ ਹਨ ਅਤੇ ਇਸ ਤੋਂ ਛੁਟਕਾਰਾ ਪਾਉਣਾ ਔਖਾ ਹੁੰਦਾ ਹੈ। ਹਰੇਕ ਗੋਲੀ ਦੇ ਮਾੜੇ ਪ੍ਰਭਾਵਾਂ ਨੂੰ ਸਮਝਣਾ ਅਤੇ ਇਹ ਜਾਣਨਾ ਵੀ ਮਹੱਤਵਪੂਰਨ ਹੈ ਕਿ ਤੁਹਾਨੂੰ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਕਦੋਂ ਕਾਲ ਕਰਨ ਦੀ ਲੋੜ ਹੈ।

ਟੀਬੀ ਬਿਮਾਰੀ ਦੇ ਇਲਾਜ ਦੌਰਾਨ, ਤੁਸੀਂ ਨਿਯਮਿਤ ਤੌਰ 'ਤੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਮਿਲੋਗੇ। ਉਹ ਤੁਹਾਨੂੰ ਇਹ ਦੇਖਣ ਲਈ ਛਾਤੀ ਦਾ ਐਕਸ-ਰੇ ਅਤੇ ਬਲਗਮ ਦਾ ਟੈਸਟ ਕਰਵਾਉਣ ਲਈ ਕਹਿਣਗੇ ਤਾਕਿ ਇਹ ਪਤਾ ਲਗਾਇਆ ਜਾ ਸਕੇ ਕਿ ਤੁਹਾਡੇ 'ਤੇ

ਇਲਾਜ ਦਾ ਕੋਈ ਅਸਰ ਹੋ ਰਿਹਾ ਹੈ ਜਾਂ ਨਹੀਂ। ਤੁਹਾਡਾ ਇਲਾਜ ਪੂਰਾ ਹੋਣ 'ਤੇ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਨੂੰ ਦੱਸੇਗਾ।

## ਮੈਂ ਦੂਸਰੇ ਲੋਕਾਂ ਨੂੰ ਟੀਬੀ ਦੇਣ ਦੇ ਜੋਖਮ ਨੂੰ ਕਿਵੇਂ ਘਟਾ ਸਕਦਾ/ਦੀ ਹਾਂ?

ਦੂਜੇ ਲੋਕਾਂ ਦੀ ਸੁਰੱਖਿਆ ਵਿੱਚ ਮਦਦ ਕਰਨ ਲਈ, ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਦੱਸਣਾ ਮਹੱਤਵਪੂਰਨ ਹੈ ਕਿ ਤੁਸੀਂ ਕਿਸ ਦੇ ਸੰਪਰਕ ਵਿੱਚ ਰਹੇ ਹੋ, ਤਾਕਿ ਟੀਬੀ ਲਾਗ ਦੇ ਜੋਖਮ ਵਾਲੇ ਲੋਕਾਂ ਦੀ ਪਛਾਣ ਕਰਨ ਵਿੱਚ ਮਦਦ ਕਰਨ ਵਿੱਚ ਮਿਲ ਸਕੇ। ਤੁਹਾਡੇ ਵੱਲੋਂ ਦਿੱਤੀ ਸਾਰੀ ਜਾਣਕਾਰੀ ਨੂੰ ਗੁਪਤ ਰੱਖਿਆ ਜਾਵੇਗਾ।

ਜੇਕਰ ਤੁਹਾਨੂੰ ਫੇਫੜਿਆਂ ਜਾਂ ਗਲੇ ਦੀ ਛੂਤ ਵਾਲੀ ਟੀਬੀ ਦੀ ਬਿਮਾਰੀ ਹੈ, ਤਾਂ ਤੁਸੀਂ ਬੈਕਟੀਰੀਆ ਨੂੰ ਦੂਜੇ ਲੋਕਾਂ ਵਿੱਚ ਫੈਲਾ ਸਕਦੇ ਹੋ, ਇਸ ਲਈ ਤੁਰੰਤ ਇਲਾਜ ਸ਼ੁਰੂ ਕਰਨਾ ਮਹੱਤਵਪੂਰਨ ਹੈ। ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਨੂੰ ਮਾਸਕ ਪਹਿਨਣ ਅਤੇ ਬਿਮਾਰੀ ਦੇ ਫੈਲਣ ਦੇ ਜੋਖਮ ਨੂੰ ਘਟਾਉਣ ਲਈ ਘਰ ਵਿੱਚ ਰਹਿਣ ਲਈ ਕਹੇਗਾ। ਇਸ ਨੂੰ ਹੋਮ ਆਈਸੋਲੇਸ਼ਨ ਕਿਹਾ ਜਾਂਦਾ ਹੈ। ਇਹ ਇੱਕ ਬਹੁਤ ਮਹੱਤਵਪੂਰਨ ਕਦਮ ਹੈ ਜੋ ਤੁਹਾਨੂੰ ਦੂਜੇ ਲੋਕਾਂ ਦੀ ਸੁਰੱਖਿਆ ਲਈ ਲਾਜ਼ਮੀ ਤੌਰ 'ਤੇ ਚੁੱਕਣਾ ਚਾਹੀਦਾ ਹੈ। ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਤੁਹਾਨੂੰ ਦੱਸੇਗਾ ਕਿ ਤੁਸੀਂ ਹੋਮ ਆਈਸੋਲੇਸ਼ਨ ਨੂੰ ਕਦੋਂ ਰੋਕ ਸਕਦੇ ਹੋ। ਹੋਰ ਜਾਣਕਾਰੀ ਲਈ, HealthLinkBC File #51c ਤਪਦਿਕ ਲਈ ਘਰ ਵਿੱਚ ਵਖਰੇਵਾਂ (ਟੀਬੀ) ਦੇਖੋ।

## ਹੋਰ ਜਾਣਕਾਰੀ ਲਈ

ਬੀ ਸੀ ਸੈਂਟਰ ਫਾਰ ਡਿਜ਼ੀਜ਼ ਕੰਟਰੋਲ (ਬੀਸੀਸੀਡੀਸੀ) ਕਲੀਨਿਕਾਂ ਬਾਰੇ ਜਾਣਕਾਰੀ ਸਮੇਤ ਹੋਰ ਜਾਣਕਾਰੀ ਲਈ, www.bccdc.ca/health-info/diseases-conditions/tuberculosis 'ਤੇ ਜਾਓ।

BC Centre for Disease Control
Provincial Health Services Authority